**ਪੀਪੀਆਈ ਦੀ ਵਰਤੋਂ ਦੇ ਨਿਯਮ ਅਤੇ ਸ਼ਰਤਾਂ : (ਪੀਪੀਆਈ ਵਿੱਚ ਇਟਜ਼ ਕੈਸ਼ ਕਾਰਡ ਲਿਮਿਟਿਡ ਦੁਆਰਾ ਅਸਲ (ਫ਼ਿਜ਼ੀਕਲ) ਅਤੇ ਆਭਾਸੀ (ਵਰਚੁਅਲ) ਰੂਪ ਵਿੱਚ ਜਾਰੀ ਕੀਤੇ ਗਏ ਸੈਮੀ ਕਲੋਜ਼ਡ ਇੰਸਟ੍ਰੂਮੈਂਟਸ ਦੇ ਸਾਰੇ ਵੇਰਿਅੰਟ ਸ਼ਾਮਲ ਹਨ)**

1) ਇਹ ਪ੍ਰੀਪੇਡ ਪੇਮੈਂਟ ਇੰਸਟ੍ਰੂਮੈਂਟ (ਪੀਪੀਆਈ) ਅਦਾਇਗੀ ਅਤੇ ਨਿਪਟਾਰੇ ਦੇ ਪ੍ਰਬੰਧ ਬਾਰੇ ਕਾਨੂੰਨ, 2007 ਅਤੇ ਭਾਰਤ (ਰਿਜ਼ਰਵ ਬੈਂਕ) ਨਿਰਦੇਸ਼ 2009 (ਆਰਬੀਆਈ ਸੇਧਾਂ) ਤਹਿਤ ਪ੍ਰੀ ਪੇਡ ਪੇਮੈਂਟ ਇੰਸਟ੍ਰੂਮੈਂਟਸ ਦੇ ਜਾਰੀ ਕਰਨ ਅਤੇ ਕਾਰਜਸ਼ੀਲ ਹੋਣ ਲਈ ਬਣਾਏ ਨੇਮਾਂ ਦੁਆਰਾ ਸ਼ਾਸਿਤ ਹੈ ਅਤੇ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੁਆਰਾ ਰਿਡੈਂਪਸ਼ਨ, ਮੁੜ ਅਦਾਇਗੀ, ਵਰਤੋਂ ਆਦਿ ਦੇ ਸੰਬੰਧ ਵਿੱਚ ਸਮੇਂ ਸਮੇਂ 'ਤੇ ਜਾਰੀ ਨਿਰਦੇਸ਼ਾਂ/ਸੇਧਾਂ 'ਤੇ ਵੀ ਨਿਰਭਰ ਕਰਦਾ ਹੈ ਅਤੇ ਇਟਜ਼ ਕੈਸ਼ ਕਾਰਡ ਲਿ (ਇਟਜ਼ਕੈਸ਼) ਅਜਿਹੇ ਹਾਲਾਤ ਵਿੱਚ ਪੀਪੀਆਈ ਧਾਰਕ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ ਹੈ।

2) ਪੀਪੀਆਈ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੁਆਰਾ ਉਪਯੋਗ ਕੀਤਾ ਜਾਣਾ ਚਾਹੀਦਾ ਹੈ।

3) ਪੀਪੀਆਈ ਉਪਯੋਗਿਤਾ ਬਿਲਾਂ ਅਤੇ ਜ਼ਰੂਰੀ ਸੇਵਾਵਾਂ ਦੇ ਭੁਗਤਾਨ ਕਰਨ ਲਈ ਵਰਤਿਆ ਜਾ ਸਕਦਾ ਹੈ। ਗ਼ੈਰ-ਉਪਯੋਗਿਤਾ ਬਿਲਾਂ ਜਾਂ ਗ਼ੈਰ-ਉਪਯੋਗਿਤਾ ਬਿਲਾਂ ਦੇ ਕੇਸ ਵਿੱਚ, ਪੀਪੀਆਈ ਵਰਤਿਆ ਜਾ ਸਕਦਾ ਹੈ ਜੋ ਕਿ ਆਰਬੀਆਈ ਦੁਆਰਾ ਸਮੇਂ ਸਮੇਂ 'ਤੇ ਸਿਫਾਰਿਸ਼ ਕੀਤੀਆਂ ਜਾਂਦੀਆਂ ਕੇਵਾਈਸੀ ਜ਼ਰੂਰਤਾਂ ਦੀ ਪਾਲਣਾ 'ਤੇ ਨਿਰਭਰ ਕਰਦਾ ਹੈ। ਉਪਯੋਗਿਤਾ ਬਿਲਾਂ ਅਤੇ ਜ਼ਰੂਰੀ ਸੇਵਾਵਾਂ ਲਈ ਪ੍ਰੀਪੇਡ ਕਾਰਡ ਦੀ ਵੱਧ ਤੋਂ ਵੱਧ ਵੈਲਿਯੂ ਰੁ 20,000 ਹੈ ਅਤੇ ਲੋੜੀਂਦੇ ਕੇਵਾਈਸੀ ਦਸਤਾਵੇਜ਼ਾਂ ਮਗਰੋਂ ਸਾਰੀਆਂ ਵਾਧੂ ਸੇਵਾਵਾਂ ਦੇ ਸਮਰੱਥ ਹੋਣ ਮਗਰੋਂ ਇਹ ਰੁ 1,00,000 ਹੋਏਗੀ।

4) ਇਟਜ਼ਕੈਸ਼ ਵਪਾਰਕ ਮੰਤਵਾਂ ਲਈ ਤੁਹਾਡੇ ਦੁਆਰਾ ਜਮ੍ਹਾਂ ਕਰਾਏ ਗਏ ਕੇਵਾਈਸੀ ਦੀ ਵਰਤੋਂ ਕਰ ਸਕਦਾ ਹੈ। ਤੁਸੀਂ ਇੱਥੇ (1) ਈ-ਨਿਯੂਜ਼ਲੈਟਰ ਅਤੇ ਔੱਫਰ ਆਦਿ ਸੰਬੰਧੀ ਹੋਰ ਪੱਤਰ ਪ੍ਰਾਪਤ ਕਰਨ (2) ਇਟਜ਼ ਕਾਰਡ ਦੁਆਰਾ ਤੁਹਾਨੂੰ ਔੱਫਰ ਅਤੇ/ਜਾਂ ਜਾਣਕਾਰੀ ਮੁਹਈਆ ਕਰਨ ਦੇ ਮੰਤਵ ਲਈ ਇਸ ਨਾਲ ਜੁੜੇ ਪ੍ਰਾਯੋਜਕ/ਾਂ ਅਤੇ /ਜਾਂ ਕੰਪਨੀਆਂ ਨੂੰ ਤੁਹਾਡੀ ਜਾਣਕਾਰੀ ਮੁਹਈਆ ਕਰਨ ਦੀ ਸਹਿਮਤੀ ਦਿੰਦੇ ਹੋ।

5) ਤੁਸੀਂ ਇੱਥੇ ਸਿਫਾਰਿਸ਼ ਕੀਤੇ ਗਏ ਵਪਾਰੀਆਂ ਨਾਲ ਵਪਾਰੀ ਦੁਆਰਾ ਇਸਦੀ ਵੈਬਸਾਈਟ 'ਤੇ ਜ਼ਿਕਰ ਕੀਤੇ ਉਤਪਾਦਾਂ/ਸੇਵਾਵਾਂ ਲਈ ਲੈਣ ਦੇਣ ਕਰਨ ਲਈ ਪੀਪੀਆਈ ਦੀ ਵਰਤੋਂ ਦੀ ਸਹਿਮਤੀ ਦਿੰਦੇ ਹੋ ਅਤੇ ਅੱਗੋਂ ਕਿਸੇ ਗ਼ੈਰਕਾਨੂੰਨੀ ਉਦੇਸ਼/ ਗਤੀਵਿਧੀ ਲਈ ਇਸਦੀ ਵਰਤੋਂ ਨਾ ਕਰਨ ਲਈ ਸਹਿਮਤ ਹੁੰਦੇ ਹੋ। ਤੁਸੀਂ ਕਦੇ ਵੀ ਪੀਪੀਆਈ ਦਾ ਇਸਤੇਮਾਲ ਕਰਦੇ ਹੋਏ ਕਿਸੇ ਗ਼ੈਰਕਾਨੂੰਨੀ/ਅਪਰਾਧਕ/ਹਵਾਲਾ ਲੈਣ ਦੇਣ /ਦਹਿਸ਼ਤਗਰਦ ਕਾਰਵਾਈ ਨੂੰ ਨਾਂ ਤਾਂ ਸ਼ਹਿ ਦਿਓਗੇ ਅਤੇ ਨਾਂ ਇਸ ਵਿੱਚ ਧਿਰ ਬਣੋਗੇ।

6) ਇਟਜ਼ਕੈਸ਼ ਕਿਸੇ ਧੋਖਾਧੜੀ ਜਾਂ ਪੀਪੀਆਈ ਦੀ ਦੁਰਵਰਤੋਂ ਲਈ ਜ਼ਿੰਮੇਵਾਰ ਨਹੀਂ ਹੈ ਅਤੇ ਅਜਿਹੀ ਕਿਸੇ ਧੋਖਾਧੜੀ ਜਾਂ ਪੀਪੀਆਈ ਦੀ ਦੁਰਵਰਤੋਂ ਕਾਰਨ ਪੈਦਾ ਹੋਣ ਵਾਲੇ ਕਿਸੇ ਕਿਸਮ ਦੇ ਖਰਚ, ਟੈਕਸਾਂ, ਚਾਰਜਿਜ਼, ਦਾਅਵਿਆਂ ਜਾਂ ਦੇਣਦਾਰੀਆਂ ਲਈ ਵਿਅਕਤੀਗਤ ਤੌਰ 'ਤੇ ਦੇਣਦਾਰ ਹੋਣ ਲਈ ਸਹਿਮਤ ਹੁੰਦੇ ਹੋ।

7) ਤੁਸੀਂ ਇੱਥੇ ਐਲਾਨ ਕਰਦੇ ਹੋ ਕਿ ਤੁਹਾਡਾ ਨਾਂਅ ਆਰਬੀਆਈ ਦੁਆਰਾ ਸਮੇਂ ਸਮੇਂ 'ਤੇ ਜਾਰੀ ਕੀਤੀ ਜਾਂਦੀ ਦਹਿਸ਼ਤਗਰਦ ਵਿਅਕਤੀਆਂ/ਸੰਗਠਨਾਂ (ਅਲ ਕ਼ਾਇਦਾ ਜਾਂ ਤਾਲਿਬਾਨ) ਦੀ ਸੰਗਠਤ ਸੂਚੀ ਵਿੱਚ ਕਿਸੇ ਵੀ ਸਮੇਂ ਸ਼ਾਮਲ ਨਹੀਂ ਹੋਇਆ ਹੈ।

8) ਇਟਜ਼ਕੈਸ਼ ਪੀਪੀਆਈ ਦੁਆਰਾ ਖ਼ਰੀਦੇ ਉਤਪਾਦ/ ਮਰਚੈਂਡਾਇਜ਼ / ਵਸਤਾਂ ਜਾਂ ਹਾਸਲ ਕੀਤੀਆਂ ਸੇਵਾਵਾਂ ਵਿੱਚ ਕਿਸੇ ਨੁਕਸ ਲਈ ਦੇਣਦਾਰ/ਜ਼ਿੰਮੇਵਾਰ ਨਹੀਂ ਹੋਏਗਾ। ਪੀਪੀਆਈ ਦੀ ਵਰਤੋਂ ਨਾਲ ਵਪਾਰੀ ਦੀ ਵੈਬਸਾਈਟ ਤੋਂ ਖ਼ਰੀਦੇ/ ਹਾਸਲ ਕੀਤੇ ਕਿਸੇ ਉਤਪਾਦ /ਮਰਚੈਂਡਾਇਜ਼ /ਵਸਤਾਂ ਜਾਂ ਸੇਵਾਵਾਂ ਸੰਬੰਧੀ ਕੋਈ ਵੀ ਵਿਵਾਦ ਜਾਂ ਦਾਅਵਾ

ਨਾਮਜ਼ਦ ਵਪਾਰੀ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਇਟਜ਼ਕੈਸ਼ ਅਜਿਹੇ ਹਾਲਾਤ ਵਿੱਚ ਪੀਪੀਆਈ ਧਾਰਕ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ।

9) ਇਟਜ਼ਕੈਸ਼ ਨਾਮਜ਼ਦ ਵਪਾਰੀਆਂ 'ਤੇ ਪੀਪੀਆਈ ਦੀ ਵਰਤੋਂ ਲਈ ਤੁਹਾਡੇ ਕੋਲੋਂ ਪੇਮੈਂਟ ਗੇਟਵੇ ਸਰਵਿਸ ਫੀਸ ਲੈ ਸਕਦਾ ਹੈ। ਇਹ ਸੰਬੰਧਤ ਫੀਸ ਲੈਣ ਦੇਣ ਦੇ ਸਮੇਂ ਪੇਮੈਂਟ ਗੇਟਵੇ ਪੇਜ਼ 'ਤੇ ਦਿਖਾਏ ਜਾਂ ਸਮੇਂ ਸਮੇਂ 'ਤੇ ਲਾਗੂ ਹੋਣ ਅਨੁਸਾਰ ਵੈਬਸਾਈਟ 'ਤੇ ਸੂਚੀਬੱਧ ਅਨੁਸਾਰ ਹੋਏਗੀ।

10) ਪੀਪੀਆਈ 'ਤੇ ਆਰਬੀਆਈ ਦੇ ਨਿਰਦੇਸ਼ਾਂ ਦੇ ਅਨੁਸਾਰ, ਜੇਕਰ ਕੋਈ ਹੈ, ਦੇ ਇਲਾਵਾ ਕੋਈ ਰਿਡੈਂਪਸ਼ਨ ਜਾਂ ਨਕਦੀ ਕਢਵਾਉਣ ਦੀ ਆਗਿਆ ਨਹੀਂ ਹੋਏਗੀ।

11) ਪੀਪੀਆਈ ਐਕਟੀਵੇਸ਼ਨ ਦੀ ਤਰੀਕ ਜਾਂ ਪਹਿਲੀ ਵਰਤੋਂ ਦੀ ਤਰੀਕ, ਜੋ ਵੀ ਬਾਅਦ ਵਿੱਚ ਹੋਏ ਤੋਂ 4 ਸਾਲ ਲਈ ਵੈਧ ਹੋਏਗਾ। ਮਿਆਦ ਪੁੱਗਣ ਤੋਂ ਬਾਅਦ ਪੀਪੀਆਈ ਕੋਲ ਬਿਨਾ ਉਪਯੋਗ ਕੀਤਾ ਕੋਈ ਵੀ ਬੈਲੈਂਸ ਆਰਬੀਆਈ ਦੀਆਂ ਸੇਧਾਂ ਅਨੁਸਾਰ ਜ਼ਬਤ ਮੰਨਿਆ ਜਾਏਗਾ।

12) ਇਸ ਪੀਪੀਆਈ ਵਿੱਚ ਸੰਪਤੀ ਇਟਜ਼ਕੈਸ਼ ਨਾਲ ਸੰਬੰਧਿਤ ਹੈ। ਜੇਕਰ ਮਿਲੇ ਤਾਂ ਕਿਰਪਾ ਇਸਨੂੰ ਵਾਪਸ ਕਰੋ : ਇਟਜ਼ ਕੈਸ਼ ਕਾਰਡ ਲਿਮਿਟਿਡ, ਟੱਪ 14ਵੀਂ ਮੰਜ਼ਿਲ, ਟਾਇਮਸ ਟੱਵਰ, ਕਮਲਾ ਸਿਟੀ, ਸੇਨਾਪਤੀ ਬਾਪਟ ਮਾਰਗ, ਲੋਅਰ ਪਾਰੇਲ, ਮੁੰਬਈ – 400013 ਵਿਖੇ।

13) ਪੀਪੀਆਈ ਦੇ ਗੁੰਮ ਹੋਣ ਦੀ ਸੂਰਤ ਵਿੱਚ, ਤੁਹਾਨੂੰ ਫੌਰਨ ਇਟਜ਼ਕੈਸ਼ ਨੂੰ ਲਿਖਤੀ ਵਿੱਚ (ਪੱਤਰ/ਈਮੇਲ) ਸੂਚਿਤ ਕਰਨਾ ਚਾਹੀਦਾ ਹੈ। ਫਿਰ ਪੀਪੀਆਈ ਨੂੰ ਬਲੱਕ ਕਰ ਦਿੱਤਾ ਜਾਏਗਾ ਅਤੇ ਇਟਜ਼ਕੈਸ਼ ਇਸ ਸੰਬੰਧੀ ਤੈਅ ਪ੍ਰਕ੍ਰਿਆ ਅਨੁਸਾਰ ਇਟਜ਼ਕੈਸ਼ ਦੁਆਰਾ ਸਮੇਂ ਸਮੇਂ 'ਤੇ ਤੈਅ ਕੀਤੇ ਵਾਜਬ ਚਾਰਜਿਜ਼ ਲਈ ਬੈਲੈਂਸ ਰਕਮ ਨਾਲ ਨਵਾਂ ਕਾਰਡ ਜਾਰੀ ਕਰ ਸਕਦਾ ਹੈ।

14) ਪੀਪੀਆਈ ਦੀ ਕੋਈ ਡੁਪਲੀਕੇਸ਼ਨ ਰੱਦ ਕੀਤੇ ਜਾਣ ਯੋਗ ਹੋਏਗੀ।

15) ਪੀਪੀਆਈ ਨੂੰ ਵਿਦੇਸ਼ੀ ਕਰੰਸੀ ਵਿੱਚ ਲੈਣ ਦੇਣ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਪੀਪੀਆਈ ਭਾਰਤੀ ਕਾਨੂੰਨਾਂ ਦੁਆਰਾ ਸ਼ਾਸਿਤ ਵਪਾਰੀਆਂ ਨਾਲ ਔਨਲਾਈਨ /ਔਨ ਮੋਬਾਈਲ /ਆਈਵੀਆਰਐਸ ਲੈਣ ਦੇਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

16) ਪੀਪੀਆਈ ਦੀ ਇੱਕ ਵਾਰ ਕਿਸੇ ਟ੍ਰਾਂਜੈਕਸ਼ਨ ਲਈ ਵਰਤੋਂ ਤੋਂ ਬਾਅਦ ਇਸਨੂੰ ਵਾਪਸ ਨਹੀਂ ਕੀਤਾ ਜਾ ਸਕਦਾ।

17) ਪੀਪੀਆਈ ਤਾਦਲਾਯੋਗ ਨਹੀਂ ਹੈ।

18) ਇਟਜ਼ਕੈਸ਼ ਨੂੰ ਕਿਸੇ ਵੀ ਸਮੇਂ ਕਿਸੇ ਵੀ ਕਾਰਨ ਜੋ ਵੀ ਹੋਏ ਲਈ ਨਾਮਜ਼ਦ ਵਪਾਰੀ ਦੀ ਵੈਬਸਾਈਟ /ਮੋਬਾਈਲ ਐਪਲੀਕੇਸ਼ਨ /ਆਈਵੀਆਰਐਸ 'ਤੇ ਪੀਪੀਆਈ ਦੀ ਵਰਤੋਂ ਤੋਂ ਇਨਕਾਰ ਦਾ ਅਧਿਕਾਰ ਹੈ।

19) ਤੁਹਾਨੂੰ ਆਪਣੇ ਨਾਂਅ, ਡਾਕ ਦੇ ਪਤੇ, ਈ-ਮੇਲ ਪਤੇ ਜਾਂ ਪੀਪੀਆਈ ਦੇ ਜਾਰੀ ਕਰਨ ਲਈ ਮੁਹਈਆ ਕੀਤੇ ਜਾਣ ਲਈ ਲੋੜੀਂਦੇ ਕਿਸੇ ਵੀ ਡਾਟਾ ਵਿੱਚ ਕਿਸੇ ਵੀ ਤਬਦੀਲੀ ਬਾਰੇ ਫੌਰਨ ਇਟਜ਼ਕੈਸ਼ ਨੂੰ ਸੂਚਿਤ ਕਰਨਾ ਹੋਏਗਾ ਅਤੇ ਅਜਿਹੀ ਤਬਦੀਲੀ ਦੇ ਸੰਬੰਧ ਵਿੱਚ ਨਵੇਂ ਕੇਵਾਈਸੀ ਦਸਤਾਵੇਜ਼ ਪੇਸ਼ ਕਰਨੇ ਹੋਣਗੇ, ਜਿਸ ਬਾਰੇ ਇਟਜ਼ਕੈਸ਼ ਵੱਲੋਂ ਮੰਗ ਕੀਤੀ ਜਾ ਸਕਦੀ ਹੈ।

20) ਕੋਈ ਵੀ ਵਿਵਾਦ ਹੱਲ ਕਰਨ ਲਈ ਇਟਜ਼ਕੈਸ਼ ਨੇ ਕਸਟਮਰ ਗ੍ਰੀਵੈਂਸ ਰਿਡ੍ਰੈਸਲ ਪਾਲਿਸੀ ( ਗਾਹਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਨੀਤੀ) ਤਿਆਰ ਕੀਤੀ ਹੈ ਜੋ ਕਿ ਵੈਬਸਾਈਟ 'ਤੇ ਉਪਲਬਧ ਹੈ ਇਹ ਪੀਪੀਆਈ

ਦੀ ਵਰਤੋਂ ਦੇ ਸੰਬੰਧ ਵਿੱਚ ਕਿਸੇ ਵੀ ਲੈਣਦੇਣ ਕਾਰਨ ਪੈਦਾ ਹੋਣ ਵਾਲੇ ਸਾਰੇ ਵਿਵਾਦ ਇਸ ਨੀਤੀ ਅਨੁਸਾਰ ਹੱਲ ਕੀਤੇ ਜਾਣਗੇ। ਕੋਈ ਵੀ ਅਗਲੇਰੀ ਕਾਨੂੰਨੀ ਕਾਰਵਾਈ ਮੁੰਬਈ ਵਿੱਚ ਅਦਾਲਤਾਂ ਦੇ ਵਿਸ਼ੇਸ਼ ਅਧਿਕਾਰ ਖੇਤਰ ਦੁਆਰਾ ਸ਼ਾਸਿਤ ਹੋਏਗੀ।

21) ਪੀਪੀਆਈ ਦੀ ਵਰਤੋਂ ਨਾਲ ਕੀਤੇ ਜਾਣ ਵਾਲੇ ਸਾਰੇ ਟ੍ਰਾਂਜੈਕਸ਼ਨ ਲਾਗੂ ਭਾਰਤੀ ਕਾਨੂੰਨਾਂ 'ਤੇ ਨਿਰਭਰ ਕਰਦੇ ਹਨ।

22) ਇਟਜ਼ਕੈਸ਼ ਨੂੰ ਕਿਸੇ ਅਗਾਊਂ ਨੋਟਿਸ /ਗਾਹਕ ਨੂੰ ਸੂਚਿਤ ਕੀਤੇ ਬਿਨਾਂ ਇਹਨਾਂ ਨਿਯਮ ਅਤੇ ਸ਼ਰਤਾਂ ਵਿੱਚ ਤਰਮੀਮ ਕਰਨ, ਬਦਲਣ, ਖਤਮ ਕਰਨ, ਸ਼ਾਮਲ ਕਰਨ ਅਤੇ ਸੋਧ ਕਰਨ ਦਾ ਅਧਿਕਾਰ ਹੈ।